# ਮਾਡਲ ਟੈਸਟ ਪੇਪਰ

## ਸ਼੍ਰੇਣੀ:ਦਸਵੀਂ

## ਵਿਸ਼ਾ : ਪੰਜਾਬੀ

## ਪੇਪਰ : ਏ

## ਸਮੈਸਟਰ : I

**ਸਮਾਂ: 3 ਘੰਟੇ** **ਲਿਖਤੀ : 50 ਅੰਕ**

**ਸੀ.ਸੀ.ਈ./ਆਂਤਰਿਕ ਮੁਲੰਾਕਣ : 25 ਅੰਕ**

**ਕੁੱਲ : 75 ਅੰਕ**

ਨੋਟ : ਪ੍ਰਸ਼ਨਾਂ ਦੇ ਉੱਤਰ ਪਾਠ-ਪੁਸਤਕਾਂ'ਤੇ ਆਧਾਰਿਤ ਹੋਣ।

ਪ੍ਰਸ਼ਨ 1. ਵਸਤੂਨਿਸ਼ਠ ਪ੍ਰਸ਼ਨ :-

(ੳ) ਪੰਜਾਬੀ ਸੂਫ਼ੀ ਕਾਵਿ ਦਾ ਮੋਢੀ ਕੌਣ ਹੈ ?

(ਅ) ' ਸਾਈਂ ਜਿਨ੍ਹਾਂ ਦੇ ਵੱਲ ' ਕਿਸ ਕਵੀ ਦੀ ਰਚਨਾ ਹੈ ?

(ੲ) ' ਕਿਤੇ ਰਾਮਦਾਸ ਕਿਤੇ ਫਤਹਿ ਮੁਹੰਮਦ ਇਹੋ ਕਦੀਮੀ ਸ਼ੋਰ ' ਸਤਰਾਂ ਕਿਸ ਕਵਿਤਾ ਵਿੱਚੋਂ ਲਈਆਂ ਗਈਆਂ ਹਨ ?

(ਸ) ਰਾਂਝੇ ਦੇ ਭਾਈਆਂ ਨੇ ਕਿਹੋ ਜਿਹੀ ਜ਼ਮੀਨ ਰਾਂਝੇ ਨੂੰ ਦਿੱਤੀ ?

(ਹ) ਹਾਸ਼ਮ ਸ਼ਾਹ ਦੁਆਰਾ ਲਿਖੇ ਕਿੱਸੇ ਦਾ ਨਾਂ ਕੀ ਹੈ?

(ਕ) ਸਾਹਿਬਾਂ ਨੂੰ ਪਸਾਰੀ ਨੇ ਤੇਲ ਦੀ ਥਾਂ ਕੀ ਦੇ ਦਿੱਤਾ ਸੀ?

(ਖ) ' ਰਬਾਬ ਮੰਗਾਉਨ ਦਾ ਵਿਰਤਾਂਤ' ਲੇਖ ਦਾ ਲੇਖਕ ਕੌਣ ਹੈ ?

(ਗ) ' ਹੱਸਣਾ ਤੇ ਕੂਕਣਾ ' ਲੇਖ ਕਿਸ ਪਾਠ-ਪੁਸਤਕ ਵਿੱਚ ਦਰਜ ਹੈ ?

(ਘ) ' ਮੇਰੀ ਮਾਂ ਬੋਲੀ ' ਲੇਖ ਵਿੱਚ ਲੇਖਕ ਕਿਹੜੀ ਬੋਲੀ ਨੂੰ ਆਪਣੀ ਮਾਂ ਬੋਲੀ ਦੱਸਦਾ ਹੈ ?

(ਙ) ਗੁਰਬਖ਼ਸ਼ ਸਿੰਘ ਅਨੁਸਾਰ ਕਿਨ੍ਹਾਂ ਲੋਕਾਂ ਦੀ ਬੋਲੀ ਹੁਣ 'ਗੋਲੀ ਦੀ ਥਾਂ ਰਾਣੀ' ਬਣ ਗਈ ਹੈ ?

(ਚ) ' ਸ਼ਾਮੋ ' ਪਾਤਰ ਕਿਸ ਇਕਾਂਗੀ ਨਾਲ਼ ਸੰਬੰਧਿਤ ਹੈ ?

(ਛ) ' ਬੇਵਸੀ ' ਇਕਾਂਗੀ ਦਾ ਇਕਾਂਗੀਕਾਰ ਕੌਣ ਹੈ ?

(ਜ) ' ਰਸ਼ੀਦ ' ਕਿਸ ਕਹਾਣੀ ਦਾ ਪਾਤਰ ਹੈ ?

(ਝ) ' ਰਸ਼ੀਦ ' ਕਿਸ ਸ਼ਹਿਰ ਵਿੱਚ ਨੌਕਰੀ ਕਰਦਾ ਸੀ ?

(ਞ) 'ਮੜ੍ਹੀਆਂ ਤੋਂ ਦੂਰ' ਕਹਾਣੀ ਦਾ ਕਹਾਣੀਕਾਰ ਕੌਣ ਹੈ ?

(ਟ) ਮਾਸੀ (ਮੜ੍ਹੀਆਂ ਤੋਂ ਦੂਰ ) ਆਪਣੇ ਪੁੱਤਰ ਕੋਲ਼ ਕਿਹੜੇ ਦੇਸ ਚਲੀ ਜਾਂਦੀ ਹੈ ?

(ਠ) ' ਪਹੁ-ਫੁਟਾਲੇ ਤੋਂ ਪਹਿਲਾਂ' ਨਾਵਲ ਦਾ ਨਾਵਲਕਾਰ ਕੌਣ ਹੈ ?

(ਡ) ਮਾਸਟਰ ਆਰ.ਸੀ.ਬ਼ੱਟਾ ਕਿਹੜਾ ਵਿਸ਼ਾ ਪੜ੍ਹਾਉਂਦੇ ਸਨ ?

(ਢ) ਨੱਥੇ ਦੇ ਪਿਤਾ ਦਾ ਕੀ ਨਾਂ ਸੀ ?

(ਣ) ' ਪਹ- ਫੁਟਾਲੇ ਤੋਂ ਪਹਿਲਾਂ ' ਨਾਵਲ ਦੇ ਪਹਿਲੇ ਕਾਂਡ ਨਾਲ ਸੰਬੰਧਿਤ ਸਕੂਲ ਦੀ ਇਮਾਰਤ ਅੰਗਰੇਜ਼ੀ ਦੇ ਕਿਸ ਅੱਖਰ ਵਰਗੀ ਸੀ ?

**20x 1/2= 10**

ਪ੍ਰਸ਼ਨ 2. ਹੇਠ ਲਿਖੇ ਕਾਵਿ-ਟੋਟਿਆਂ ਵਿੱਚੋਂ ਕਿਸੇ ਦੋ ਦੀ ਪ੍ਰਸੰਗ ਸਹਿਤ ਵਿਆਖਿਆ ਲਗ-ਪਗ 150 ਸ਼ਬਦਾਂ ਵਿੱਚ ਕਰੋ :

(ੳ) ਬੇੜਾ ਬੰਧ ਨ ਸਕਿਓ ਬੰਧਨ ਕੀ ਵੇਲਾ ॥
ਭਰਿ ਸਰਵਰੁ ਜਬ ਉਛਲੈ ਤਬ ਤਰਣ ਦੁਹੇਲਾ ॥
ਹਥ ਨ ਲਾਇ ਕਸੁੰਭੜੇ ਜਲਿ ਜਾਸੀ ਢੋਲਾ ॥ ਰਹਾਓ

ਜਾਂ

ਰੱਬਾ । ਮੇਰੇ ਹਾਲ ਦਾ ਮਹਿਰਮ ਤੂੰ ।
ਅੰਦਿਰ ਤੂੰ ਹੈਂ ਬਾਹਰ ਤੂੰ ਹੈਂ ਰੋਮਿ ਰੋਮਿ ਵਿੱਚ ਤੂੰ ।
ਤੂੰ ਹੈਂ ਤਾਣਾ ਤੂੰ ਹੈਂ ਬਾਣਾ ਸਭੁ ਕਿਛ ਮੇਰਾ ਤੂੰ।
ਕਹੈ ਹੁਸੈਨ ਫ਼ਕੀਰ ਨਿਮਾਣਾ, ਮੈਂ ਨਾਹੀਂ ਸਭ ਤੂੰ । **2+3= 5**

(ਅ) ਕੋਈ ਨਾ ਦੀਂਹਦਾ ਸੂਰਮਾ, ਜਿਹੜਾ ਮੈਨੂੰ ਹੱਥ ਕਰੇ।
ਕਟਕ ਭਿੜਾ ਦਿਆਂ ਟੱਕਰੀਂ ਮੈਥੋਂ ਰਾਠ ਡਰੇ।

ਵਲ ਵਲ ਵੱਢ ਦਿਆਂ ਸੂਰਮੇ ਜਿਉਂ ਖੇਤੀ ਨੂੰ ਪੈਣ ਗੜੇ।
ਸਿਰ ਸਿਆਲਾਂ ਦੇ ਵੱਢ ਕੇ ਸਿਟੂੰਗਾ ਵਿੱਚ ਰੜੇ।

ਜਾਂ

ਮੀਮ ਮਿਲਣ ਆਈ ਮਾਤਾ ਇੱਛਰਾਂ ਏ,
ਦੱਸੋ ਮੈਨੂੰ ਲੋਕੋ ਆਇਆ ਸਾਧ ਕੋਈ।
ਮੇਰੇ ਪੁੱਤਰ ਦਾ ਬਾਗ ਵੈਰਾਨ ਪਇਆ,
ਫੇਰ ਲਗਾ ਹੈ ਕਰਨ ਆਬਾਦ ਕੋਈ।
ਮੈਂ ਭੀ ਲੈ ਆਵਾਂ ਦਾਰੂ ਅੱਖੀਆਂ ਦਾ
ਪੂਰਨ ਛੱਡ ਨਾ ਗਿਆ ਸੁਆਦ ਕੋਈ **2+3= 5**

ਪ੍ਰਸ਼ਨ 3 ਕਿਸੇ ਇੱਕ ਕਾਵਿ- ਰਚਨਾ ਦਾ ਕੇਂਦਰੀ-ਭਾਵ ਲਗ-ਪਗ 4● ਸ਼ਬਦਾਂ ਵਿੱਚ ਲਿਖੋ :
ਹੀਰ ਦਾ ਸਿਦਕ ਜਾਂ ਮੇਰੀ ਬੁੱਕਲ ਦੇ ਵਿੱਚ ਚੋਰ 2

ਪ੍ਰਸ਼ਨ 4 ਹੇਠ ਲਿਖੇ ਲੇਖਾਂ ਵਿੱਚੋਂ ਕਿਸੇ ਇੱਕ ਦਾ ਸਾਰ ਲਗ-ਪਗ 15● ਸ਼ਬਦਾਂ ਵਿੱਚ ਲਿਖੋ :
(ੳ) ਮੇਰੀ ਮਾਂ ਬੋਲੀ (ਗੁਰਬਖ਼ਸ਼ ਸਿੰਘ)
(ਅ) ਹੱਸਣਾ ਤੇ ਕੂਕਣਾ (ਪ੍ਰਿੰ : ਤੇਜਾ ਸਿੰਘ) 6

ਪ੍ਰਸ਼ਨ 5 ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਪ੍ਰਸ਼ਨਾਂ ਦੇ ਉੱਤਰ ਆਪਣੀ ਪਾਠ-ਪੁਸਤਕ ਦੇ ਆਧਾਰ ਤੇ ਲਗ- ਪਗ 4● ਸ਼ਬਦਾਂ ਵਿੱਚ ਲਿਖੋ :
( ੳ) ਮਰਦਾਨਾ ਜਦੋਂ ਪਹਿਲੀ ਵਾਰ ਰਬਾਬ ਲੈਣ ਨਗਰ ਵਿੱਚ ਗਿਆ ਤਾਂ ਲੋਕਾਂ ਨੇ ਉਸ ਨਾਲ ਕੀ ਵਿਹਾਰ ਕੀਤਾ ?

ਜਾਂ

ਆਮ ਲੋਕ ਗੁਰੂ ਨਾਨਕ ਦੇਵ ਜੀ ਬਾਰੇ ਕੀ ਕੁਛ ਕਹਿੰਦੇ ਸਨ ?
(ਅ) ਮਾਂ ਅਤੇ ਮਾਂ ਬੋਲੀ ਦੀ ਮਹੱਤਤਾ ਬਾਰੇ ਲੇਖਕ ਦੇ ਕੀ ਵਿਚਾਰ ਹਨ ?

ਜਾਂ

ਉੱਚੀ-ਉੱਚੀ ਹੱਸਣ ਨਾਲ ਕੀ ਹੁੰਦਾ ਹੈ ? **$1^{1/2}+1^{1/2}=3$**

ਪ੍ਰਸ਼ਨ 6. ਹੇਠ ਲਿਖੇ ਪਾਤਰਾਂ ਵਿੱਚੋਂ ਕਿਸੇ ਇੱਕ ਦਾ ਪਾਤਰ-ਚਿਤਰਨ ਲਗ-ਪਗ 15● ਸ਼ਬਦਾਂ ਵਿੱਚ ਲਿਖੋ :
(ੳ) ਬਲਵੰਤ ਸਿੰਘ
(ਅ) ਰਾਧਾ 4

ਪ੍ਰਸ਼ਨ 7 ਹੇਠ ਲਿਖੇ ਵਾਰਤਾਲਾਪਾਂ ਵਿੱਚੋ. ਕਿਸੇ ਇੱਕ ਦਾ ਪ੍ਰਸੰਗ ਲਗ-ਪਗ 4● ਸ਼ਬਦਾਂ ਵਿੱਚ ਸਪਸ਼ਟ ਕਰੋ :
(ੳ) ਚੰਦ ਚੰਦ ਲਾਈ ਐ, ਮੈਂ ਨੀ ਚੰਦ ਚੁੰਦ ਕੋਈ ਰੋਟੀ ਦੇਹ। ਮੈਂ ਭੁੱਖਾ ਮਰਿਆ ਜਾਨਾ ਤੇ ਇਹ ਗੱਲਾਂ ਕਹੀ ਜਾਂਦੀ ਐ।
(ਅ) ਤਸਵੀਰਾਂ ਵੱਲ ਨਾ ਵੇਖੋ, ਤਸਵੀਰਾਂ ਦੀ ਜੁਆਨੀ ਨੂੰ ਬਚਾਓ। ਤੁਹਾਨੂੰ ਇੱਕ ਗੱਲ ਕਰਨੀ ਪਵੇਗੀ ਅੱਜ, ਹੁਣ ਤੁਸੀਂ ਫੈਸਲਾ ਅਟਕਾ ਨਹੀਂ ਸਕਦੇ। 2

ਪ੍ਰਸ਼ਨ 8 ਹੇਠ ਲਿਖੀਆਂ ਕਹਾਣੀਆਂ ਵਿੱਚੋਂ ਕਿਸੇ ਇੱਕ ਕਹਾਣੀ ਦਾ ਸਾਰ ਲਗ-ਪਗ 15● ਸ਼ਬਦਾਂ ਵਿੱਚ ਲਿਖੋ :
(ੳ) ਮੜ੍ਹੀਆਂ ਤੋਂ ਦੂਰ (ਰਘੁਬੀਰ ਢੰਡ)
(ਅ) ਇੱਕ ਪੈਰ ਘੱਟ ਤੁਰਨਾ (ਅਜੀਤ ਕੌਰ ) 4

ਪ੍ਰਸ਼ਨ 9 ਹੇਠ ਲਿਖੇ ਪਾਤਰਾਂ ਵਿੱਚੋਂ ਕਿਸੇ ਇੱਕ ਦਾ ਪਾਤਰ-ਚਿਤਰਨ ਲਗ-ਪਗ 15● ਸ਼ਬਦਾਂ ਵਿੱਚ ਲਿਖੋ :
(ੳ) ਬਲਵੰਤ ਰਾਏ
(ਅ) ਡਾਕਟਰ 3

ਪ੍ਰਸ਼ਨ 1● ਨਾਵਲ ' ਪਹੁ-ਫੁਟਾਲੇ ਤੋਂ ਪਹਿਲਾਂ' ਦੇ ਆਧਾਰ ਤੇ ਹੇਠ ਲਿਖੇ ਪਾਤਰਾਂ ਵਿੱਚੋਂ ਕਿਸੇ ਇੱਕ ਪਾਤਰ ਦਾ ਪਾਤਰ-ਚਿਤਰਨ ਲਗ-ਪਗ 15● ਸ਼ਬਦਾਂ ਵਿੱਚ ਲਿਖੋ :
(ੳ) ਮਾਸਟਰ ਸਾਧੂ ਰਾਮ (ਅ) ਨੰਦ ਸਿੰਘ 4

ਪ੍ਰਸ਼ਨ 11. ਹੇਠ ਲਿਖੇ ਵਾਰਤਾਲਾਪਾਂ ਵਿੱਚੋਂ ਕਿਸੇ ਇੱਕ ਦਾ ਪ੍ਰਸੰਗ ਲਗ-ਪਗ 4● ਸ਼ਬਦਾਂ ਵਿੱਚ ਸਪਸ਼ਟ ਕਰੋ :
(ੳ) " ਬਾਤ ਕੀ ਕਿਆ ਬਾਤ ਹੈ ਜੀ, ਬਾਤ ਤੋ ਬਿਨ ਬਨਾਏ ਹੀ ਬਨ ਜਾਤੀ ਹੈ। "
(ਅ) " ਜੇ ਮੇਰੀ ਖੇਚਲ ਨਾਲ ਇਹਨਾਂ ਦਾ ਕੋਈ ਭਲਾ ਹੁੰਦੈ ਤਾਂ ਮੈਂ ਏਥੇ ਘਰੇ ਵਿਹਲੇ ਨੇ ਕੀ ਕਪਾਹ ਗੋਡਣੀ ਐ। ਪਰਉਪਕਾਰ ਹੀ ਵੱਡੀ ਭਗਤੀ ਐ ਭਾਗਵਾਨੇ।" 2